# ਅਨੁਵਾਦਕਾਂ ਵੱਲੋਂ

ਸੰਸਾਰ ਦੇ ਪ੍ਰਾਚੀਨ ਧਰਮਾਂ ਵਿੱਚੋਂ ਜੈਨ ਧਰਮ ਇੱਕ ਪ੍ਰਾਚੀਨ ਧਰਮ ਹੈ। ਜਿਸ ਦੀ ਅਪਣੀ ਵੱਖਰੀ ਪਹਿਚਾਨ, ਸੰਸਕ੍ਰਿਤੀ, ਭਾਸ਼ਾ, ਸਿਧਾਂਤ, ਦਰਸ਼ਨ, ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਲੰਬੀ ਪ੍ਰੰਪਰਾ ਹੈ। ਹਰ ਆਸ਼ਤਕ ਧਰਮ ਵਿੱਚ ਦੇਵਤਿਆਂ ਦੀ ਹੋਂਦ ਕਿਸੇ ਨਾ ਕਿਸੇ ਪ੍ਰਕਾਰ ਨਾਲ ਪ੍ਰਾਪਤ ਹੁੰਦੀ ਹੈ। ਇਸੇ ਪ੍ਰਕਾਰ ਜੈਨ ਧਰਮ ਗ੍ਰੰਥਾਂ ਵਿੱਚ ਵੀ ਦੇਵਤੇ ਅਤੇ ਸਵਰਗ ਵਾਰੇ ਭਗਵਾਨ ਮਹਾਵੀਰ ਨੇ ਦੱਸੀਆ ਹੈ।

ਜੈਨ ਧਰਮ ਵਿੱਚ 45 ਆਗਮ ਸਵੇਤਾਂਵਰ ਮਾਨਿਤਾ ਵਿੱਚ ਮੰਨੇ ਜਾਂਦੇ ਹਨ। ਜਿਹਨਾਂ ਦੀ ਭਾਸ਼ਾ 2600 ਸਾਲ ਪੁਰਾਣੀ ਅਰਧ ਮਾਘਦੀ ਪ੍ਰਾਕ੍ਰਿਤ ਭਾਸ਼ਾ ਹੈ। ਇਹਨਾ ਆਗਮਾਂ ਦਾ ਸੰਕਲਨ ਪੰਜ ਵਾਚਨਾਵਾਂ ਰਾਹੀ ਸੰਪੂਰਨ ਹੋਇਆ ਹੈ। ਇਹਨਾਂ ਆਗਮਾਂ ਵਿੱਚ 12 ਅੰਗ, 12 ਉਪੰਗ, ਮੂਲ ਗ੍ਰੰਥ, ਛੇ ਸੂਤਰ ਤੋਂ ਛੁੱਟ 10 ਪ੍ਰਕੀਰਨਕ ਗ੍ਰੰਥ ਹਨ। ਦੇਵਿੰਦਰ ਸਤਵ ਵਿੱਚ ਵੀ ਇੱਕ ਪ੍ਰਕੀਰਨਕ ਗ੍ਰੰਥ ਹੈ। ਜਿਸ ਦੇ ਸੰਕਲਨਕਰਤਾਂ ਰਿਸ਼ਿ ਪਾਲੀਤ ਅਚਾਰੀਆ ਹੋਏ ਹਨ। ਨੰਦੀ ਸੂਤਰ ਵਿੱਚ ਵੀ ਦੇਵੰਦਰ ਸਤਵ ਦਾ ਵਰਨਣ ਹੁੰਦਾ ਹੈ। ਕਲਪ ਸੂਤਰ ਅਨੁਸਾਰ ਰਿਸ਼ਿ ਪਾਲਤ ਦੀ ਪਟਾ ਵਲੀ ਇਸ ਪ੍ਰਕਾਰ ਹੈ।

ਭਗਵਾਨ ਮਹਾਵੀਰ

|

ਆਰਿਆ ਸੁਧਰਮਾ

|

ਆਰਿਆ ਜੰਬੂ

|

ਆਰਿਆ ਪ੍ਰਭਵ

|

ਆਰਿਆ ਸਵੇਂਪ੍ਰਭਵ

|

ਆਰਿਆ ਯਸੋਭੱਦਰ

|

ਆਰਿਆ ਭੱਦਰ ਵਾਹੂ — ਆਰਿਆ ਸੰਭੂਤ ਵਿਜੇ

ਆਰਿਆ ਸੰਭੂਤ ਵਿਜੇ

|

ਆਰਿਆ ਸਥੁਲੀਭੱਦਰ

|

ਆਰਿਆ ਮਹਾਂਗੀਰੀ — ਆਰਿਆ ਸੁਹਸਤੀ

ਆਰਿਆ ਸੁਹਸਤੀ

|

ਆਰਿਆ ਸੁਸਥਿਤ — ਸੁਪ੍ਰਤਿਬੁੱਧ (10 ਹੋਰ)

ਆਰਿਆ ਸੁਸਥਿਤ

|

ਆਰਿਆ ਇੰਦਰਦਿਨ

|

ਆਰਿਆ ਸ਼ਾਂਤੀਸੈਨ

|

ਰਿਸ਼ਿਪਾਲਿਤ

ਆਰਿਆ ਰਿਸ਼ਿ ਪਾਲਿਤ ਦਾ ਸਮਾਂ ਈਸਾ ਪੂਰਵ 500 ਦੇ ਕਰੀਬ ਠਹਿਰਦਾ ਹੈ।ਇਸ ਗ੍ਰੰਥ ਦੀਆਂ ਕਈ ਕਥਾਵਾਂ ਸਥਾਨਾਂਗ, ਸਮਵਯਾਂਗ, ਪ੍ਰੀਆਪਨਾ, ਜੰਬੂ ਦੀਪ ਪ੍ਰਗਿਪਤੀ, ਜੀਵਾਭਿਗਮ ਆਦਿ ਪ੍ਰਾਚੀਨ ਗ੍ਰੰਥਾਂ ਵਿੱਚ ਮਿਲਦੀਆਂ ਹਨ। ਇਸ ਗ੍ਰੰਥ ਦੀ ਵਾਰਤਾਲਾਪ ਸ਼ੈਲੀ ਹੋਰ ਜੈਨ ਆਗਮਾਂ ਤੋਂ

ਵੱਖਰੀ ਹੈ। ਇਸ ਵਿੱਚ ਭਗਵਾਨ ਮਹਾਵੀਰ, ਗੋਤਮ ਦੀ ਕੋਈ ਵਾਰਤਾਲਾਪ ਨਹੀਂ ਨਾ ਹੀ ਆਰਿਆ ਜੰਬੂ ਅਪਣੇ ਗੁਰੂ ਆਰਿਆ ਸੁਧਰਮਾ ਤੋਂ ਕੋਈ ਪ੍ਰਸ਼ਨ ਕਰਦੇ ਹਨ। ਇਸ ਤੋਂ ਉਲਟ ਇਸ ਵਿੱਚ ਇਕ ਜੈਨ ਸ਼੍ਰਾਵਕ (ਉਪਾਸਕ) ਅਪਣੀ ਧਰਮ ਪਤਨੀ ਸ਼੍ਰਾਵਿਕਾ (ਉਪਾਸਕਾ) ਅਪਣੇ ਆਪ ਦੇਵ ਲੋਕ ਦਾ ਵਰਨਣ ਕਰਦਾ ਹੈ।

ਹੱਥਲਾ ਅਨੁਵਾਦ:

ਲੰਬੇ ਸਮੇਂ ਤੋਂ ਇਸ ਗ੍ਰੰਥ ਦਾ ਅਨੁਵਾਦ ਕਿਸੇ ਵਿਦਵਾਨ ਨੇ ਨਹੀਂ ਕੀਤਾ ਸੀ। ਫਿਰ ਪ੍ਰਸ਼ਿੱਧ ਜੈਨ ਮੁਨੀ ਜਿਨ ਵਿਜੈ ਨੇ ਇਸ ਦੇ ਪਾਠ ਦਾ ਸੰਕਾਲਨ ਕੀਤਾ। ਇਸ ਗ੍ਰੰਥ ਵਿੱਚ ਅਸੀਂ ਪ੍ਰਾਪਤ ਜਿਹਨਾ ਹਿੰਦੀ, ਗੁਜ਼ਰਾਤੀ ਅਨੁਵਾਦਾਂ ਦੀ ਮਦਦ ਲਈ ਹੈ। ਉਹਨਾਂ ਦੇ ਵਿਦਵਾਨ ਅਨੁਵਾਦਕਾਂ ਅਤੇ ਪ੍ਰਕਾਸ਼ਕਾ ਦੇ ਅਸੀਂ ਧੰਨਵਾਦੀ ਹਾਂ।

ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

## ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੰਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

31/03/2008 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ